(i) **Printed Pages: 3** **Roll No. ...............................**

(ii) **Questions : 8** **Sub. Code : | 0 | 2 | 0 | 9 |**

**Exam. Code : | 0 | 0 | 0 | 3 |**

## B.A. (General) 3rd Semester

## (1129)

## PUNJABI (Elective)

## Paper—PUNJABI (Elective)

**Time Allowed : Three Hours]** **[Maximum Marks : 90**

**ਨੋਟ** :— (1) ਲਿਖਾਈ ਸਾਫ਼ ਅਤੇ ਸਪਸ਼ਟ ਹੋਣੀ ਚਾਹੀਦੀ ਹੈ।

(2) ਸਵਾਲਾਂ ਦੇ ਉੱਤਰ ਭਾਵ-ਪੂਰਤ ਤੇ ਸਪਸ਼ਟ ਹੋਣੇ ਚਾਹੀਦੇ ਹਨ।

(3) ਸਾਰੇ ਉੱਤਰ ਪ੍ਰਸ਼ਨ ਪੱਤਰ ਅਨੁਸਾਰ ਕ੍ਰਮ-ਵਾਰ ਹੱਲ ਕੀਤੇ ਜਾਣ।

I. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਪ੍ਰਹਿਲਾਦ ਭਗਤ ਦੀ ਰਖਿਆ, ਕੀਨੀ ਆਪ ਹਰਿ।
ਹਰਨਾਖਸ਼ ਨਖੀਂ ਬਿਦਾਰਿਆ, ਨਰਸਿੰਘ ਰੂਪ ਧਰਿ।
ਪੈਜ ਦਰੋਪਤੀ ਰਾਖੀ, ਤਾਂ ਕੈ ਗਏ ਘਰ।
ਵਜੀਜਾ ਕੌਣ ਸਾਈਂ ਨੋ ਆਖੈ, ਐਉਂ ਨਹੀਂ ਅੰਵ ਕਰ।

(ਅ) ਮੂੰਹੋਂ ਤੋਬਾ ਦਿਲੋਂ ਨਾ ਕਰਦਾ, ਨਾਹੀ ਖ਼ੌਫ਼ ਖ਼ੁਦਾ ਦਾ ਕਰਦਾ।
ਇਸ ਤੋਬਾ ਥੀਂ ਤੋਬਾ ਕਰੀਏ, ਤਾਂ ਬਖ਼ਸ਼ੇ ਗੱਫ਼ਾਰ।
ਕੈਸੀ ਤੋਬਾ ਹੈ ?
ਬੁਲ੍ਹੇ ਸ਼ਾਹ ਦੀ ਸੁਣੋ ਹਕਾਇਤ, ਹਾਦੀ ਪਕੜਿਆਂ ਹੋਗ ਹਿਦਾਇਤ।
ਮੇਰਾ ਮੁਰਸ਼ਦ ਸ਼ਾਹ ਇਨਾਇਤ, ਉਹ ਲੰਘਾਏ ਪਾਰ।
ਕੈਸੀ ਤੋਬਾ ਹੈ ? 10

II. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਲਿਖੋ :

(ੳ) ਇਸ਼ਕ ਦੀ ਨਵੀਓਂ ਨਵੀਂ ਬਹਾਰ (ਬੁਲ੍ਹੇ ਸ਼ਾਹ)

(ਅ) ਸੰਨਿਆਸੀਆਂ ਦਾ ਹਮਲਾ (ਨਜਾਬਤ)। 10

III. 'ਸੱਚੋ ਸੱਚ' ਸਫ਼ਰਨਾਮੇ ਦਾ ਵਿਸ਼ਾ-ਵਸਤੂ ਸਪਸ਼ਟ ਕਰੋ।

**ਜਾਂ**

'ਸੱਚੋ ਸੱਚ' ਸਫ਼ਰਨਾਮੇ ਦੀ ਸਾਹਿਤਕ ਪਰਖ ਕਰੋ। 10

IV. 'ਕੰਮ ਦੀ ਕਰਾਮਾਤ' ਕਾਂਡ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

**ਜਾਂ**

'ਅਮਰੀਕਾ ਦਾ ਅਸਲੀ ਚਿਹਰਾ' ਕਾਂਡ ਦਾ ਸਾਰ ਲਿਖੋ। 10

V. ਕਿਸੇ **ਪੰਜ** ਪ੍ਰਸ਼ਨਾਂ ਦੇ ਲਘੂ ਉੱਤਰ ਲਿਖੋ :

(ੳ) ਵਜੀਦ ਨੇ ਆਪਣੇ ਸਲੋਕਾਂ ਵਿਚ ਮਨੁੱਖ ਨੂੰ ਕਿਹੜੇ ਕੰਮ ਤੋਂ ਵਰਜਿਆ ਹੈ ?

(ਅ) ਅਲੀ ਹੈਦਰ ਦੀ ਕਵਿਤਾ ਦਾ ਮੂਲ ਵਿਸ਼ਾ ਕੀ ਹੈ ?

(ੲ) 'ਸਭ ਇਕੋ ਰੰਗ ਕਪਾਈ ਦਾ' ਤੋਂ ਕਵੀ ਦਾ ਕੀ ਭਾਵ ਹੈ ?

(ਸ) ਨਜਾਬਤ ਕਿਹੜੀ ਕਾਵਿ ਧਾਰਾ ਦਾ ਕਵੀ ਹੈ ? ਉਸਦੀ ਰਚਨਾ ਦਾ ਨਾਮ ਦੱਸੋ।

(ਹ) ਅਮਰੀਕਾ ਪਹੁੰਚ ਕੇ ਲੇਖਕ ਨੂੰ ਕਿਹੜੇ ਕਵੀ ਤੇ ਕਿਹੜੇ-ਕਿਹੜੇ ਮਹਾਂਪੁਰਸ਼ਾਂ ਦੀ ਯਾਦ ਆਈ ?

(ਕ) ਲੇਖਕ ਅਨੁਸਾਰ ਕੰਮ ਕਰਨ ਵਾਲੇ ਵਿਅਕਤੀਆਂ ਨਾਲ ਕਿਹੜੇ ਸੰਕਲਪ ਜੁੜੇ ਹੁੰਦੇ ਹਨ ?

(ਖ) ਸਫ਼ਰਨਾਮੇ ਅਨੁਸਾਰ ਪਰਦੇਸਾਂ ਵਿਚ ਗਏ ਪੰਜਾਬੀਆਂ ਨੇ ਪਹਿਲਾਂ-ਪਹਿਲਾਂ ਕਿਹੜੇ ਕਿੱਤੇ ਅਪਣਾਏ ?

(ਗ) ਲੇਖਕ ਅਨੁਸਾਰ ਸਾਡੇ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦੇ ਕੀ-ਕੀ ਕਾਰਨ ਹਨ ? $2 \times 5 = 10$

VI. ਕਿਸੇ **ਚਾਰ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) ਬੁਲ੍ਹੇ ਸ਼ਾਹ ਦੀ ਰਚਨਾ ਦੇ ਵਿਸ਼ੇ ਕਿਹੋ ਜਿਹੇ ਹਨ ?

(ਅ) ਹਾਸ਼ਮ ਨੂੰ ਕਿੱਸਾ ਕਵੀ ਦੇ ਨਾਲ-ਨਾਲ ਸੂਫ਼ੀ ਕਵੀ ਕਿਉਂ ਕਿਹਾ ਜਾਂਦਾ ਹੈ ?

(ੲ) ਵਾਰਸ ਦੇ ਕਿੱਸੇ 'ਹੀਰ' ਦੀਆਂ ਵਿਸ਼ੇਸ਼ਤਾਵਾਂ ਦੱਸੋ।

(ਸ) ਅਹਿਮਦਯਾਰ ਕਿਸ ਧਾਰਾ ਦਾ ਕਵੀ ਸੀ ? ਉਸਦੀ ਰਚਨਾ ਦਾ ਵੇਰਵਾ ਦਿਓ।

(ਹ) 18ਵੀਂ ਸਦੀ ਵਿਚ ਹੀਰ ਰਾਂਝੇ ਦਾ ਕਿੱਸਾ ਕਿਹੜੇ-ਕਿਹੜੇ ਕਵੀਆਂ ਨੇ ਲਿਖਿਆ ?

(ਕ) ਸੋਹਣੀ ਮਹੀਂਵਾਲ ਦੇ ਕਿੱਸੇ ਨੂੰ ਕਿਹੜੇ ਕਵੀ ਦੀ ਸ਼ਾਹਕਾਰ ਰਚਨਾ ਕਿਹਾ ਜਾਂਦਾ ਹੈ ਤੇ ਕਿਉਂ ? 4×5=20

VII. ਰਸ ਨੂੰ ਪਰਿਭਾਸ਼ਿਤ ਕਰਦੇ ਹੋਏ ਇਸਦਾ ਵਰਗੀਕਰਨ ਕਰੋ।

**ਜਾਂ**

ਵਕ੍ਰੋਕਤੀ ਸੰਪਰਦਾਇ ਨਾਲ ਸੰਖੇਪ ਜਾਣ-ਪਛਾਣ ਕਰਾਓ। 10

VIII. ਕਿਸੇ **ਦੋ** ਭਾਸ਼ਾ-ਵੰਨਗੀਆਂ ਨਾਲ ਜਾਣ-ਪਛਾਣ ਕਰਾਓ :

(ੳ) ਟਕਸਾਲੀ ਭਾਸ਼ਾ

(ਅ) ਗੁਪਤ ਭਾਸ਼ਾ

(ੲ) ਰਜਿਸਟਰ

(ਸ) ਕ੍ਰਿਓਲ। 2×5=10